# ਨਿਊਜ਼ ਰਿਲੀਜ਼

Vancouver CoastalHealth | BRITISH COLUMBIA

**ਫੌਰੀ ਜਾਰੀ ਕਰਨ ਲਈ | 17 ਦਸੰਬਰ, 2020**

## ਜੇ ਤੁਹਾਨੂੰ ਇਲਾਜ ਦੀ ਲੋੜ ਹੈ ਤਾਂ ਦੇਰੀ ਨਾ ਕਰੋ ਅਤੇ ਫੌਰਨ ਇਲਾਜ ਕਰਵਾਉ

ਵੈਨਕੂਵਰ, ਬੀ ਸੀ – ਭਾਵੇਂ ਕਿ ਕੋਵਿਡ-19 ਦੇ ਫੈਲਣ ਨੂੰ ਰੋਕਣ ਵਿਚ ਮਦਦ ਕਰਨ ਲਈ ਲੋਕਾਂ ਨਾਲ ਸੰਪਰਕ ਨੂੰ ਸੀਮਤ ਕਰਨਾ ਅਕਲਮੰਦੀ ਹੈ ਅਤੇ ਪਬਲਿਕ ਹੈਲਥ ਦੇ ਮਾਹਰਾਂ ਵਲੋਂ ਇਸ ਦੀ ਮੰਗ ਕੀਤੀ ਜਾਂਦੀ ਹੈ, ਪਰ ਇਸ ਨਿਯਮ ਵਿਚ ਇਕ ਛੋਟ ਉਦੋਂ ਹੈ ਜਦੋਂ ਤੁਹਾਨੂੰ ਇਲਾਜ ਦੀ ਲੋੜ ਹੁੰਦੀ ਹੈ। ਜੇ ਤੁਹਾਨੂੰ ਇਲਾਜ ਦੀ ਲੋੜ ਹੈ ਤਾਂ ਇਹ ਫੌਰਨ ਕਰਵਾਉ।

"ਅਸੀਂ ਨਹੀਂ ਚਾਹੁੰਦੇ ਕਿ ਸਾਡੇ ਮਰੀਜ਼ ਕੋਵਿਡ-19 ਦੇ ਘਟ ਜਾਣ ਤੱਕ ਆਪਣੀਆਂ ਅਪੌਇੰਟਮੈਂਟਾਂ ਅੱਗੇ ਪਾਉਣ ਕਿਉਂਕਿ ਅਸੀਂ ਇਹ ਜਾਣਦੇ ਹਾਂ ਕਿ ਇਹ ਅਜੇ ਸਾਡੇ ਨਾਲ ਕੁਝ ਸਮਾਂ ਰਹੇਗਾ," ਵੈਨਕੂਵਰ ਕੋਸਟਲ ਹੈਲਥ (ਵੀ ਸੀ ਐੱਚ) ਦੇ ਐਮਰਜੰਸੀ ਮੈਡੀਸੀਨ ਵਿਭਾਗ ਦੇ ਹੈੱਡ ਡਾਕਟਰ ਐਰਿਕ ਗਰੈਫਸਟਾਇਨ ਦਾ ਕਹਿਣਾ ਹੈ। "ਆਪਣੇ ਇਲਾਜ ਦੀਆਂ ਪਲੈਨਾਂ 'ਤੇ ਕਾਇਮ ਰਹਿਣ ਅਤੇ ਅਪੌਇੰਟਮੈਂਟਾਂ ਬਣਾਈ ਰੱਖਣ ਨਾਲ ਤੁਹਾਡੀ ਸਿਹਤ ਦੇ ਨਤੀਜਿਆਂ ਵਿਚ ਸੁਧਾਰ ਹੋਵੇਗਾ। ਵੀ ਸੀ ਐੱਚ ਦੇ ਸਾਰੇ ਹਸਪਤਾਲਾਂ ਅਤੇ ਕਮਿਊਨਟੀ ਸਥਾਨਾਂ ਨੇ ਸੇਫਟੀ ਦੇ ਬਿਹਤਰ ਨਿਯਮ ਲਾਗੂ ਕੀਤੇ ਹੋਏ ਹਨ ਅਤੇ ਉਹ ਮਰੀਜ਼ਾਂ ਨੂੰ ਲੈਣ ਅਤੇ ਉਨ੍ਹਾਂ ਦਾ ਇਲਾਜ ਕਰਨ ਲਈ ਚੰਗੀ ਤਰ੍ਹਾਂ ਤਿਆਰ ਹਨ, ਭਾਵੇਂ ਇਹ ਬਣੀਆਂ ਹੋਈਆਂ ਅਪੌਇੰਟਮੈਂਟਾਂ ਹੋਣ, ਰੋਗ ਦੀ ਪਛਾਣ ਕਰਨ ਵਾਲੇ ਟੈੱਸਟ ਹੋਣ ਜਾਂ ਮੈਡੀਕਲ ਪ੍ਰੋਸੀਜਰ ਹੋਣ।

ਲੋਕਾਂ ਨੂੰ ਬਿਨਾਂ ਕਿਸੇ ਦੇਰੀ ਦੇ, ਰੋਗ ਦੇ ਵਧਣ ਤੋਂ ਰੋਕਥਾਮ ਕਰਨ ਲਈ ਜ਼ਰੂਰੀ ਅਤੇ ਐਮਰਜੰਸੀ ਵਾਲਾ ਇਲਾਜ ਕਰਵਾਉਣਾ ਚਾਹੀਦਾ ਹੈ। ਕੁਝ ਸਿਹਤ ਹਾਲਤਾਂ ਵਿਚ, ਜਿਨ੍ਹਾਂ ਲਈ ਐਮਰਜੰਸੀ ਵਿਚ ਇਲਾਜ ਦੀ ਲੋੜ ਹੋ ਸਕਦੀ ਹੈ, ਇਹ ਸ਼ਾਮਲ ਹਨ:

- ਸਾਹ ਲੈਣ ਵਿਚ ਜਾਂ ਆਪਣਾ ਸਾਹ ਕਾਬੂ ਕਰਨ ਵਿਚ ਮੁਸ਼ਕਲ
- ਢਿੱਡ ਜਾਂ ਛਾਤੀ ਵਿਚ ਬਹੁਤ ਜ਼ਿਆਦਾ ਦਰਦ/ਪਰੈਸ਼ਰ
- ਤੁਹਾਡੇ ਸਰੀਰ ਦੇ ਇਕ ਪਾਸੇ ਵਿਚ ਕਮਜ਼ੋਰੀ ਜਾਂ ਸੁੰਨਤਾ
- ਬੇਹੋਸ਼ ਹੋਣਾ
- ਬਹੁਤ ਜ਼ਿਆਦਾ ਖ਼ੂਨ ਪੈਣਾ

ਹੈਲਥ ਕੇਅਰ ਦੇ ਮਾਹੌਲ ਮਰੀਜ਼ਾਂ ਲਈ ਸਰੁੱਖਿਅਤ ਥਾਂਵਾਂ ਹਨ। ਸਟਾਫ ਤਿਆਰ ਹੈ ਅਤੇ ਉਸ ਨੇ ਸੇਫਟੀ ਦੇ ਨਿਯਮਾਂ ਵਿਚ ਵਾਧਾ ਕੀਤਾ ਹੈ ਤਾਂ ਜੋ ਇਹ ਪੱਕਾ ਹੋਵੇ ਕਿ ਹਸਪਤਾਲ ਨੂੰ ਕੋਵਿਡ-19 ਦੀਆਂ ਨਿਸ਼ਾਨੀਆਂ ਨਾਲ ਆਉਣ ਵਾਲਾ ਕੋਈ ਵੀ ਮਰੀਜ਼ ਹੋਰਨਾਂ ਲਈ ਸੀਮਤ ਖਤਰਾ ਬਣ ਰਿਹਾ ਹੈ। ਇਹ ਗਾਈਡਲਾਈਨਾਂ ਮਰੀਜ਼ਾਂ, ਸਟਾਫ ਅਤੇ ਡਾਕਟਰਾਂ ਦੀ ਸੇਫਟੀ ਨੂੰ ਯਕੀਨੀ ਬਣਾਉਣ ਲਈ ਸਾਵਧਾਨੀ ਦੇ ਇਕ ਉਪਾ ਵਜੋਂ ਲਾਗੂ ਹਨ।

ਜ਼ਿੰਦਗੀ ਨੂੰ ਖਤਰੇ ਵਿਚ ਨਾ ਪਾਉਣ ਵਾਲੇ ਜ਼ਰੂਰੀ ਇਲਾਜ ਲਈ, ਜਿਵੇਂ ਕਿ ਮਚਕੋੜਾਂ, ਖਿੱਚਾਂ, ਬੁਖਾਰ, ਮਾਮੂਲੀ ਸਾੜ ਅਤੇ ਇਨਫੈਕਸ਼ਨਾਂ ਲਈ ਜਾਂ ਜਦੋਂ ਤੁਸੀਂ ਆਪਣੇ ਫੈਮਿਲੀ ਡਾਕਟਰ ਜਾਂ ਕੇਅਰ ਪ੍ਰੋਵਾਈਡਰ ਕੋਲ ਜਾਣ ਦੇ ਅਯੋਗ ਹੋਵੋ ਕਿਸੇ ਅਰਜੈਂਟ ਐਂਡ ਪ੍ਰਾਇਮਰੀ ਕੇਅਰ ਸੈਂਟਰ ਨੂੰ ਜਾਉ। ਇਹ ਸੈਂਟਰ ਹਰ ਰੋਜ਼ ਅਤੇ ਛੁੱਟੀਆਂ ਦੌਰਾਨ ਲੰਮੇ ਸਮਿਆਂ ਲਈ ਖੁੱਲ੍ਹਦੇ ਹਨ, ਅਤੇ ਇਨ੍ਹਾਂ ਵਿਚ ਜ਼ਰੂਰੀ ਅਤੇ ਮੁਢਲਾ ਇਲਾਜ ਕਰਨ ਲਈ ਐਮਰਜੰਸੀ-ਟਰੇਂਡ ਸਿਹਤ ਮਾਹਰਾਂ ਦਾ ਸਟਾਫ ਹੁੰਦਾ ਹੈ।

ਜੇ ਤੁਹਾਨੂੰ ਇਹ ਪੱਕਾ ਪਤਾ ਨਾ ਹੋਵੇ ਕਿ ਕੀ ਇਹ ਐਮਰਜੰਸੀ ਹੈ ਤਾਂ ਤੁਸੀਂ ਸਿਹਤ ਬਾਰੇ ਭਰੋਸੇਯੋਗ ਸਲਾਹ ਲੈਣ ਵਾਸਤੇ ਹੈਲਥਲਿੰਕ ਬੀ ਸੀ ਦੀਆਂ ਸੇਵਾਵਾਂ ਤੱਕ ਪਹੁੰਚ ਕਰਨ ਲਈ 8-1-1 ਨੂੰ ਫੋਨ ਕਰ ਸਕਦੇ ਹੋ। ਇਸ ਮੁਫਤ, 24 ਘੰਟੇ ਖੁੱਲ੍ਹੀ ਰਹਿਣ ਵਾਲੀ, ਗੈਰ-ਐਮਰਜੰਸੀ, ਬਹੁ-ਭਾਸ਼ਾਈ ਫੋਨ ਸਰਵਿਸ ਵਿਚ ਟਰੇਂਡ, ਸਿਹਤ ਸੇਵਾਵਾਂ ਬਾਰੇ ਸੇਧ ਦੇਣ ਵਾਲੇ ਵਿਅਕਤੀਆਂ, ਰਜਿਸਟਰਡ ਨਰਸਾਂ, ਫਾਰਮਾਸਿਸਟਾਂ, ਡਾਇਟੀਸ਼ਨਾਂ ਅਤੇ ਯੋਗਤਾ ਪ੍ਰਾਪਤ ਕਸਰਤ ਮਾਹਰਾਂ ਦਾ ਸਟਾਫ ਹੁੰਦਾ ਹੈ ਜਿਹੜਾ ਸਿਹਤ ਨਾਲ ਸੰਬੰਧਿਤ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਵਿਚ ਮਦਦ ਕਰ ਸਕਦਾ ਹੈ।

# ਨਿਊਜ਼ ਰਿਲੀਜ਼

ਇਸ ਚੀਜ਼ ਬਾਰੇ ਸੁਝਾਅ ਅਤੇ ਵਸੀਲਿਆਂ ਲਈ **vch.ca/wintercare** ’ਤੇ ਜਾਉ ਕਿ ਇਨ੍ਹਾਂ ਸਰਦੀਆਂ ਵਿਚ ਸੱਟਾਂ ਤੋਂ ਰੋਕਥਾਮ ਕਿਵੇਂ ਕਰਨੀ ਹੈ, ਖਾਸ ਕਰਕੇ ਤਿਲਕਣ ਅਤੇ ਡਿਗਣ ਤੋਂ ਤਾਂ ਜੋ ਹਸਪਤਾਲ ਨੂੰ ਫੇਰੀਆਂ ਜਾਂ ਹਸਪਤਾਲ ਵਿਚ ਰਹਿਣ ਤੋਂ ਬਚਿਆ ਜਾ ਸਕੇ।
ਵੈਨਕੂਵਰ ਕੋਸਟਲ ਹੈਲਥ (ਵੀ ਸੀ ਐੱਚ) ਕਮਿਊਨਟੀ, ਹਸਪਤਾਲ ਅਤੇ ਲੌਂਗ-ਟਰਮ ਕੇਅਰ ਕਮਿਊਨਟੀਆਂ ਵਿਚਲੇ ਇਕ ਮਿਲੀਅਨ ਤੋਂ ਜ਼ਿਆਦਾ ਲੋਕਾਂ ਵਾਸਤੇ 4.1 ਬਿਲੀਅਨ ਡਾਲਰ ਡਲਿਵਰ ਕਰਨ ਲਈ ਜ਼ਿੰਮੇਵਾਰ ਹੈ ਜਿਨ੍ਹਾਂ ਕਮਿਊਨਟੀਆਂ ਵਿਚ ਰਿਚਮੰਡ, ਵੈਨਕੂਵਰ, ਨੌਰਥ ਸ਼ੋਅਰ, ਸਨਸ਼ਾਈਨ ਕੋਸਟ, ਸੀਅ ਟੂ ਸਕਾਈ ਕੌਰੀਡੋਰ, ਬੇਲਾ ਬੇਲਾ ਅਤੇ ਬੇਲਾ ਕੂਲਾ ਸ਼ਾਮਲ ਹਨ। ਵੀ ਸੀ ਐੱਚ, ਬੀ.ਸੀ. ਭਰ ਦੇ ਲੋਕਾਂ ਲਈ ਖਾਸ ਸੰਭਾਲ ਅਤੇ ਸੇਵਾਵਾਂ ਵੀ ਪ੍ਰਦਾਨ ਕਰਦੀ ਹੈ ਅਤੇ ਇਹ ਹੈਲਥ ਕੇਅਰ ਦੀ ਪੜ੍ਹਾਈ ਅਤੇ ਖੋਜ ਲਈ ਸੂਬੇ ਦਾ ਕੇਂਦਰ ਹੈ।

**ਸੰਪਰਕ:**


**ਡੀਨਾ ਲੈਨਕਾਸਟਰ**
ਕਮਿਊਨੀਕੇਸ਼ਨਜ਼ ਲੀਡਰ
604 708 5310 (ਦਫਤਰ)| 604 230 6130 (ਮੋਬਾਇਲ)
deana.lancaster@vch.ca